# ਰੇਡੀਓ ਲੜੀਵਾਰ-ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ-1, ਜਲਵਾਯੂ ਬਦਲਾਅ - ਸਾਡੀ ਹੋਂਦ ਨੂੰ ਖਤਰਾ

## ( Climate Change – Danger to our Existence)

**ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**

([In this episode, brief introductory note of the up coming radio serial on Climate Change named "Kion Badal Rahi Hain Fizaen" has been given. A dramatized introductory information is contained in the episode named 'Climate Change –Danger to Our Existence'. The factors that cause the change , impact on the globe , the efforts at the National and International level , the Science of climate change and way forward is given. This helps the listeners to take a glimpse of the upcoming serial and creates an interest so as to draw them to be the regular listener so as to know what is happening in this arena of climate change.)

(ਇਸ ਕੜੀ ਵਿੱਚ ਆਕਾਸ਼ਵਾਣੀ ਤੋਂ ਵਿਗਿਆਨ ਪ੍ਰਾਸਾਰ ਦੇ ਜਲਵਾਯੂ ਬਦਲਾਅ ਬਾਬਤ ਆ ਰਹੇ ਨਵੇਂ ਵਿਗਿਆਨ ਲੜੀਵਾਰ, "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਜਾਣਕਾਰੀ ਸਾਂਝੀ ਕੀਤੀ ਗਈ ਹੈ । ਇੱਕ ਡਰਾਮੇ ਦੇ ਰੂਪ ਵਿੱਚ, ਜਲਵਾਯੂ ਬਦਲਾਅ - ਸਾਡੀ ਹੋਂਦ ਨੂੰ ਖਤਰਾ" ਨਾਮੀ ਕੜੀ ਵਿੱਚ ਇਸ ਵਰਤਾਰੇ ਬਾਬਤ ਮੁਢਲੀ ਜਾਣ ਪਹਿਚਾਣ ਕਰਵਾਈ ਗਈ ਹੈ । ਉਹ ਕਾਰਕ ਜਿਹੜੇ ਇਸ ਬਦਲਾਅ ਵਾਸਤੇ ਜ਼ਿੰਮੇਵਾਰ ਹਨ , ਇਸ ਬਦਲਾਅ ਦੇ ਧਰਤ ਗ੍ਰਹਿ ਉਪਰ ਪ੍ਰਭਾਵ, , ਇਸ ਬਾਬਤ ਰਾਸਟਰੀ ਅਤੇ ਅੰਤਰ ਰਾਸਟਰੀ ਪੱਧਰ ਦੀਆਂ ਕੋਸ਼ਿਸ਼ਾਂ , ਜਲਵਾਯੂ ਬਦਲਾਅ ਦਾ ਵਿਗਿਆਨ ਅਤੇ ਭਵਿੱਖ ਵਾਸਤੇ ਦਿਸ਼ਾ ਦੀ ਗੱਲ ਕੀਤੀ ਗਈ ਹੈ । ਇਸ ਰਾਹੀਂ ਸ੍ਰੋਤਿਆਂ ਨੂੰ ਆਉਣ ਵਾਲੇ ਲੜੀਵਾਰ ਦੀ ਝਲਕ ਮਿਲਦੀ ਹੈ ਅਤੇ ਉਨ੍ਹਾਂ ਦੀ ਇਸ ਪ੍ਰਤੀ ਦਿਲਚਸ਼ਪੀ ਬਣਦੀ ਹੈ ਤਾ ਕਿ ਉਹ ਇਸਦੇ ਨਿਯਮਿਤ ਸ੍ਰੋਤੇ ਬਣ ਸਕਣ ਇਹ ਜਾਣਨ ਦੇ ਲਈ ਕਿ ਜਲਵਾਯੂ ਬਦਲਾਅ ਦੇ ਖੇਤਰ ਵਿੱਚ ਕੀ ਕੁੱਝ ਨਵਾਂ ਵਾਪਤ ਰਿਹਾ ਹੈ ?)

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਵੱਖ ਵੱਖ ਵਿਸ਼ਾ ਮਾਹਰ/ਵਿਗਿਆਨੀ ਡਾ ਸੁਰਿੰਦਰ ਕੁਮਾਰ , ਪ੍ਰੋ. ਜੈਪਾਲ ਸਿੰਘ, ਡਾ. ਨਿਰੂਪਮਾ**

**ਗੁਰਮੀਤ : ਇੱਕ ਸਮਾਜ ਸੇਵੀ**

**ਸੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ।" ਟਿਕਾਊ ਵਿਕਾਸ – ਚਲਦੀ ਰਹੇ ਇਹ ਜਿੰਦਗੀ" ਲੜੀਵਾਰ ਤੋਂ ਬਾਅਦ,ਅਸੀਂ ਹੁਣ ਤੁਹਾਡੇ ਲਈ ਲੈ ਕੇ ਆਏ ਹਾਂ ਵਿਗਿਆਨ ਦਾ ਇੱਕ ਨਵਾਂ ਲੜੀਵਾਰ ! ਹਾਂ ਜੀ ਨਵਾਂ ਲੜੀਵਾਰ !

**ਸੰਗੀਤ**......

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦਾ** ਸਾਡਾ ਨਵਾਂ ਲੜੀਵਾਰ " **ਕਿਉਂ ਬਦਲ ਰਹੀ ਹੈਂ ਫਿਜ਼ਾਏਂ** " ।

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ...ਤੁਹਾਡਾ ਸਭ ਦਾ ਅੱਜ ਦੇ "**ਜਲਵਾਯੂ ਬਦਲਾਅ ਦੀ ਵਿਗਿਆਨ**" ਦੇ ਇਸ ਨਵੇਂ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ** " ਦੀ ਪਲੇਠੀ ਕੜੀ ਵਿੱਚ ਨਿਘਾ ਸੁਆਗਤ ਹੈ।ਜੀ ਆਇਆਂ ਨੂੰ!

**ਮਰਦ ਸੂਤਰਧਾਰ:** ਹਾਂ ! ਪਿਛਲੇ ਲੜੀਵਾਰ "**ਚਲਦੀ ਰਹੇ ਇਹ ਜਿੰਦਗੀ**" ਵਿੱਚ ਸੁਣੀ ਸੀ ਕਹਾਣੀ ਅਸੀਂ ਸਾਡੇ ਆਧੁਨਿਕ ਵਿਕਾਸ ਦੇ ਮਾਡਲ ਕਾਰਨ ਇਸ ਧਰਤ ਗ੍ਰਹਿ ਨੂੰ ਪੈਦਾ ਹੋ ਰਹੇ ਖਤਰਿਆਂ ਬਾਬਤ ਅਤੇ ਟਿਕਾਊ ਵਿਕਾਸ ਵੱਲ ਵੱਧਣ ਦੀ ਲੋੜ ਅਤੇ ਇਸ ਦਿਸ਼ਾ ਵਿੱਚ ਕੀਤੇ ਜਾ ਰਹੇ ਯਤਨਾਂ ਦੀ!

**ਔਰਤ ਸੂਤਰਧਾਰ:** ਸੁਣਿਆ ਸੀ ਤੁਸੀਂ ! ਉਸ ਤਬਾਹੀ ਦੀ ਕਹਾਣੀ ਹੋ ਰਹੀ ਹੈ ਜੋ ਇੱਥੋਂ ਦੀ ਜੈਵਿਕ ਤੇ ਅਜੈਵਿਕ ਵੰਨ ਸੁਵੰਨਤਾ ਦੀ, ਨੁਕਸਾਨ, ਹੋ ਰਹੇ ਨੇ ਜੋ ਜਲੀ, ਥਲੀ ਤੇ ਹਵਾਈ ਜਨ ਜੀਵਣ ਨੂੰ , ਸਮੁੰਦਰਾਂ ਪਹਾੜਾਂ ਦਰਿਆਵਾਂ, ਧਰਤੀ ਤੇ ਬਨਸਪਤੀ ਨੂੰ !

**ਮਰਦ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਆਧੁਨਿਕ ਵਿਕਾਸ ਦੇ ਤੌਰ ਤਰੀਕੇ ਨੇ, ਮਨੁੱਖ ਦੇ ਵਪਾਰਕ ਲਾਲਚ ਨੇ ਅਤੇ ਅਣਗਹਿਲੀਆਂ ਨੇ ਲਿਆ ਦਿੱਤੀ ਹੈ ਤੇਜੀ, ਸਾਡੇ ਵਿਨਾਸ ਦੀ ਰਫਤਾਰ ਵਿੱਚ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ! ਸਮੁੰਦਰਾਂ ਵਿੱਚ ਲੱਗੇ ਕੂੜੇ ਦੇ ਢੇਰਾਂ ਦੀ ।

**ਮਰਦ ਸੂਤਰਧਾਰ:** ਸਮਝ ਗਏ ਸੀ ਅਸੀਂ ਕਿ ਸਾਡੇ ਆਧੁਨਿਕ ਕੁਦਰਤ ਵਿਰੋਧੀ ਵਿਕਾਸ ਮਾਡਲ ਨਾਲ ਨਹੀਂ ਚਲਦੀ ਰਹਿ ਸਕਦੀ ਇਹ ਜਿੰਦਗੀ ।

**ਔਰਤ ਸੂਤਰਧਾਰ:** ਵੇਖੋ ਜੀ ! ਸੁਣ ਲਿਆ ਸੀ ਅਸੀਂ ਕਿ ਕਿਵੇਂ ਹੁਣ ਤਾਂ ਮੁੱਕ ਚੁਕਿਆ ਹੈ ਪਾਣੀ ਵੀ ।

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਹਰਿਤ ਸੀਮੈਂਟ ਤੇ ਹਰਿਤ ਭਵਨ ਉਸਾਰੀ ਦੀ ।

**ਔਰਤ ਸੂਤਰਧਾਰ:** ਇਹ ਵੀ ਤਾਂ ਜਾਣ ਲਿਆ ਸੀ ਕਿ ਇਹ ਐਨੇ ਤੇਜ ਬਦਲਾਅ ਹੋ ਹੀ ਕਿਉਂ ਰਹੇ ਨੇ ? ਕੌਣ ਹੈ ਇਨ੍ਹਾਂ ਦਾ ਜਿੰਮੇਵਾਰ ? ਕੀ ਹੈ ਉਪਾਅ ਇਨ੍ਹਾਂ ਤੋਂ ਖਹਿੜਾ ਛਡਾਉਣ ਦਾ ?

**ਮਰਦ ਸੂਤਰਧਾਰ:** ਸੁਣਿਆ ਸੀ ਕਿ ਵਿਨਾਸ ਦਾ ਇਹ ਵਿਕਰਾਲ ਚੇਹਰਾ, ਕੇਵਲ ਵਿਅਕਤੀਗਤ ਅਣਗਹਿਲੀ ਦਾ ਨਤੀਜਾ ਨਹੀਂ ! ਸਗੋਂ ਮੁੱਖ ਤੌਰ ਤੇ ਤਾਂ ਇਹ ਹੈ ਨਤੀਜਾ, ਸਾਡੇ ਆਧੁਨਿਕ ਵਿਕਾਸ ਦੇ ਮਾਡਲ ਦਾ !

**ਔਰਤ ਸੂਤਰਧਾਰ:** ਸ੍ਰੋਤਾਂ 'ਤੇ ਮੁੱਠੀ ਭਰ ਲੋਕਾਂ ਦੇ ਕਬਜੇ ਦਾ! ਮੁਨਾਫੇ ਦੀ ਦੌੜ ਵਿੱਚ ਕੀਤੇ ਜਾਂਦੇ ਬੇਲੋੜੇ ਉਤਪਾਦਨ ਦਾ! ਖਪਤਵਾਦੀ ਸਭਿਆਚਾਰ ਦਾ !

**ਮਰਦ ਸੂਤਰਧਾਰ:** ਇਸ ਨਾਲ ਪੈਦਾ ਹੋ ਰਹੇ ਫਾਲਤੂ ਫੋਕਟ ਦਾ ! ਵਰਤੋ ਤੇ ਸੁੱਟੋ ਸਭਿਆਚਾਰ ਦਾ, ਉਸਦੇ ਸਹੀ ਨਿਪਟਾਰੇ ਤੋਂ ਢਿੱਲ ਦਾ !

**ਔਰਤ ਸੂਤਰਧਾਰ:** ਇਸ ਲੜੀਵਾਰ ਵਿੱਚ ਸੁਣਾਂਗੇ ਅਸੀਂ ਕਹਾਣੀਆਂ ਸਾਡੀਆਂ ਬਦਲ ਰਹੀਆਂ ਹਵਾਵਾਂ ਦੀਆਂ, ਗਰਮ ਹੋ ਰਹੇ ਜਲਵਾਯੂ ਦੀ !

**ਮਰਦ ਸੂਤਰਧਾਰ:** ਜਲਵਾਯੂ ਬਦਲਾਅ ਦੀਆਂ , ਬਦਲਦੀਆਂ ਰੁੱਤਾਂ ਦੀਆਂ , ਬਦਲਦੀਆਂ ਫਿਜਾਵਾਂ ਦੀਆਂ !

**ਔਰਤ ਸੂਤਰਧਾਰ:** ਲਓ ਸੁਣੋ ਇਸ ਲੜੀਵਾਰ '**ਕਿਉਂ ਬਦਲ ਰਹੀ ਹੈਂ ਫਿਜ਼ਾਏਂ**' ਦੀ ਪਲੇਠੀ ਕੜੀ "**ਜਲਵਾਯੂ ਬਦਲਾਅ, ਸਾਡੀ ਹੋਂਦ ਨੂੰ ਖਤਰਾ**" !

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

(ਪਿੰਡ ਦੀ ਸੱਥ , ਲੋਕ ਗੱਲਾਂ ਕਰ ਰਹੇ ਹਨ ! ਭੰਡਾਂ ਦੀ ਚਰਚਾ )

**ਔਰਤ ਸੂਤਰਧਾਰ:** ਸੱਤ ਸ੍ਰੀ ਅਕਾਲ , ਨਮਸਕਾਰ ...... ਮੈਂ ਹਾਂ ਧਰਤੀ...

**ਮਰਦ ਸੂਤਰਧਾਰ:** ਤੂੰ ਧਰਤੀ , ਤੇ ਮੈਂ ਹਾਂ ਜਹਨਮ !.........

**ਔਰਤ ਸੂਤਰਧਾਰ:** ਜਹਨਮ ਯਾਣੀ ਨਰਕ ?

**ਮਰਦ ਸੂਤਰਧਾਰ:** ਹਾਂ ! ਹਾਂ ! ਜਹਨਮ ਯਾਣੀ ਨਰਕ !

**ਔਰਤ ਸੂਤਰਧਾਰ:** ਠੀਕ ਠੀਕ ਦੱਸ ਨਾ ! ਨਰਕ ਕਿਥੋਂ ਆ ਗਿਆ ਧਰਤੀ ਤੇ?

**ਮਰਦ ਸੂਤਰਧਾਰ:** ਤਾਂ ਕੀ ਤੇਰੇ ਖਿਆਲ ਵਿੱਚ ਨਰਕ ਦਾ ਵਾਸਾ ਧਰਮ ਰਾਜ ਕੋਲ ਹੀ ਹੈ ?

**ਔਰਤ ਸੂਤਰਧਾਰ:** ਹਾਂ ! ਸੁਣਦੇ ਤਾਂ ਇਹੀ ਹਾਂ ਨਰਕ -ਸੁਰਗ! ਸੱਭ ਵੱਸਦੇ ਨੇ ਕੋਲ ਧਰਮਰਾਜ ਦੇ ਹੀ !

**ਮਰਦ ਸੂਤਰਧਾਰ:** ਲਓ ਬਈ ਲੋਕੋ ! ਸੁਣ ਲਓ ! ਸਾਡੀ ਪ੍ਰਭਾਣੀ ਨੂੰ ਧਰਤੀ 'ਤੇ ਪਸਰਿਆ ਨਰਕ ਤਾਂ ਨਜ਼ਰ ਹੀ ਨਹੀਂ ਆਉਂਦਾ !

**ਔਰਤ ਸੂਤਰਧਾਰ:** ਨਜ਼ਰ ਆਵੇ ਵੀ ਕਿਵੇਂ ? ਤੁਸੀਂ ਹੀ ਤਾਂ ਦਸਦੇ ਹੋ ਕਿ ਨਰਕ ਸੁਰਗ ਤਾਂ ਮਿਲਦਾ ਹੀ ਹੈ ਮੌਤ ਤੋਂ ਬਾਅਦ ਪ੍ਰਲੋਕ ਵਿੱਚ ! ਮੌਤ ਤੋਂ ਬਾਅਦ ਹੁੰਦਾ ਹੈ ਵਾਸਾ ਰੂਹਾਂ ਦਾ ਨਰਕ ਸੁਰਗ ਦੇ ਵਿੱਚ !

**ਮਰਦ ਸੂਤਰਧਾਰ:** ਬੱਸ! ਪ੍ਰਭਾਣੀ ਬੱਸ ! ਅੱਜ ਮੈਂ ਤੇਰਾ ਇਹ ਉਲਾਂਭਾ ਵੀ ਲਾਹ ਦੇਣਾ ਹੈ !

**ਔਰਤ ਸੂਤਰਧਾਰ:** ਉਲਾਂਭਾ ? ਕਿਹੜਾ ਉਲਾਂਭਾ ?

**ਮਰਦ ਸੂਤਰਧਾਰ:** ਆਹੀ ਰੂਹਾਂ ਤੇ ਨਰਕ ਸੁਰਗ ਵਾਲਾ !

**ਔਰਤ ਸੂਤਰਧਾਰ:** ਚਲ ! ਲਾਹ ਉਲਾਂਭਾ ! ਦੱਸ ਆਪਣਾ ਸਹੀ ਨਾਮ ?

**ਮਰਦ ਸੂਤਰਧਾਰ:** ਲੈ ਸੁਣ ਲੈ, ਅਸਲੀ ਨਾਮ ਮੇਰਾ! ਮੈਨੂੰ ਕਹਿੰਦੇ ਨੇ ਵਿਕਾਸ !

**ਔਰਤ ਸੂਤਰਧਾਰ:** ਹੈਂ ! ਵਿਕਾਸ ? ਉਹੀ ਵਿਕਾਸ ਜਿਸਨੇ ਮਨੁਖ ਨੂੰ ਪਹੁੰਚਾ ਦਿੱਤਾ ਚੰਨ 'ਤੇ !

**ਮਰਦ ਸੂਤਰਧਾਰ:** ਹਾਂ ! ਉਹੀ ਵਿਕਾਸ ਜਿਸਨੇ ਉਸਾਰ ਦਿੱਤੇ ਸੀਮੈਂਟ ਤੇ ਲੋਹੇ ਦੇ ਜੰਗਲ !

**ਔਰਤ ਸੂਤਰਧਾਰ:** ਉਹੀ ਵਿਕਾਸ ? ਜਿਸਨੇ ਲਿਆ ਦਿੱਤੀਆਂ ਏ ਸੀ ਇਮਾਰਤਾਂ , ਏ ਸੀ ਕਾਰਾਂ , ਏ ਸੀ ਗੱਡੀਆਂ

**ਮਰਦ ਸੂਤਰਧਾਰ:** ਹਾਂ ਉਹੀ ਵਿਕਾਸ , ਜਿਸਨੇ ਮਨੁੱਖੀ ਊਰਜਾ ਦੀ ਥਾਂ ਲਿਆ ਦਿੱਤੇ ਬਿਜਲਈ ਊਰਜਾ ਨਾਲ ਚੱਲਣ ਵਾਲੇ ਸਾਜੋ ਸਮਾਨ ।

**ਔਰਤ ਸੂਤਰਧਾਰ:** ਆਹੋ ਪ੍ਰਭਾ ! ਇਸਨੇ ਤਾਂ ਮੁਕਤੀ ਦੇ ਦਿੱਤੀ ਔਰਤ ਜਾਤ ਨੂੰ ਘਰ ਦੇ ਕੰਮਾਂ ਦੇ ਬੋਝ ਤੋਂ। ਸਾਡਾ ਤਾਂ ਸੁਪਨਾ ਸੀ ਬਚਪਨ ਵਿੱਚ ! ਅਸੀਂ ਤਾਂ ਕਹਿੰਦੀਆਂ ਸੀ, "ਚੱਕੀ ਛੁਟ ਗਈ, ਚੁਲ੍ਹੇ ਨੇ ਛੁਟ ਜਾਣਾ"।

**ਮਰਦ ਸੂਤਰਧਾਰ:** ਹਾਂ ! ਬੱਸ ਇਸੇ ਚੱਕੀ-ਚੁਲ੍ਹੇ, ਚੱਕਲੇ-ਬੇਲਣੇ , ਉੱਖਲੀ-ਮੋਹਲੇ, ਤੰਗਲੀ-ਦੁਸਾਂਗੇ, ਹਲ-ਪੰਜਾਲੀ, ਰੇੜ੍ਹੇ-ਗੱਡੇ, ਰੱਥ ਤੇ ਤਾਂਗੇ ਦੇ ਛੁਟਣ ਨਾਲ , ਬੰਦਿਆਂ ਤੇ ਪਸ਼ੂਆਂ ਦੀ ਊਰਜਾ ਵੀ ਵਰਤਨੀ ਕਰ ਦਿੱਤੀ ਅਸੀਂ ਬੰਦ !

**ਔਰਤ ਸੂਤਰਧਾਰ:** ਪਰ ਪ੍ਰਭਾ! ਇਸੇ ਵਿਕਾਸ ਨੇ ਹੀ ਤਾਂ ਲਵਾਈ ਹੈ ਉਡਾਰੀ ਮਨੁੱਖ ਦੀ ਅੰਬਰਾਂ ਵਿੱਚ !

**ਮਰਦ ਸੂਤਰਧਾਰ:** ਠੀਕ ਹੈ ਗੱਲ ਤਾਂ ਤੇਰੀ ਪ੍ਰਭਾਣੀ ! ਪਰ ਕੀ ਕਦੀ ਸੋਚਿਆ ਹੈ ਕਿ ਇਸੇ ਨੇ ਤਾਂ ਪੈਦਾ ਕੀਤਾ ਹੈ ਖਪਤਵਾਦ ਦਾ ਸਭਿਆਚਾਰ !

**ਔਰਤ ਸੂਤਰਧਾਰ:** ਪਰ ਪ੍ਰਭਾ! ਪਹਿਲਾਂ ਲੋਕ ਪੁਰਾਣੇ ਕੱਪੜੇ ਪਾ ਕੇ ਗੁਜਾਰਾ ਕਰਦੇ ਸਨ , ਕੱਚੇ ਘਰਾਂ ਵਿੱਚ ਰਹਿੰਦੇ ਸਨ, ਕੁਦਰਤੀ ਕਰੋਪੀਆਂ ਦੇ ਸ਼ਿਕਾਰ ਹੁੰਦੇ ਸਨ ।

**ਮਰਦ ਸੂਤਰਧਾਰ:** ਭਾਗਮਾਨੇ ਹੁਣ ਤਾਂ ਲੋੜੋਂ ਵੱਧ ਕਪੜੇ ਨੇ ਪਰ ਮੁੱਠੀ ਭਰ ਕੋਲ , ਬਾਕੀਆਂ ਦੇ ਤਾਂ ਖਦਰ ਵੀ ਖੋਹ ਲਏ ! ਉਚੀਆਂ ਮੰਜ਼ਲਾਂ ਵਾਲੇ ਮਹਿਲਾਂ ਵਰਗੀਆਂ ਕੋਠੀਆਂ ਪਰ ਬਹੁ ਗਿਣਤੀ ਨੂੰ ਤਾਂ ਕੁੱਲੀ ਨਹੀਂ ਰਹੀ ਜੁੜ ।

**ਔਰਤ ਸੂਤਰਧਾਰ:** ਪਰ ਪ੍ਰਭਾ ! ਜ਼ਮਾਨੇ ਦੀ ਰਫਤਾਰ ਨਾਲ ਤਾਂ ਚੱਲਣਾ ਹੀ ਪਵੇਗਾ ! ਹੁਣ ਅਜੋਕੇ ਸਾਜੋ ਸਮਾਨ ਨੂੰ ਢੀਚਕ -ਢੀਚਕ ਕਰਦੀ ਬੈਲ ਗੱਡੀ ਤਾਂ ਢੋਅ ਨਹੀਂ ਸਕਦੀ ਨਾ?

**ਮਰਦ ਸੂਤਰਧਾਰ:** ਜ਼ਮਾਨੇ ਦੀ ਰਫਤਾਰ ਨਾਲ ਹੀ ਚਲਦੇ- ਚਲਦੇ ਅਸੀਂ ਹੋ ਗਏ ਹਰ ਕੰਮ ਲਈ ਨਿਰਭਰ ਬਿਜਲਈ ਊਰਜਾ 'ਤੇ ! ਊਰਜਾ ! ਊਰਜਾ ... ਊਰਜਾ... ਊਰਜਾ... ਊਰਜਾ...!

**ਔਰਤ ਸੂਤਰਧਾਰ:** ਪਰ ਇਸ ਨਵੀਨ ਊਰਜਾ ਦੀ ਵਰਤੋਂ ਨਾਲ ਪਸ਼ੂਆਂ 'ਤੇ ਜ਼ੁਲਮ ਵੀ ਤਾਂ ਰੁਕਿਆ ਹੈ ?

**ਮਰਦ ਸੂਤਰਧਾਰ:** ਪਸ਼ੂਆਂ 'ਤੇ ਜ਼ੁਲਮ ? ਪਸ਼ੂਆਂ ਤੇ ਜ਼ੁਲਮ ? ਕਿੱਥੇ ਰੁਕ ਗਿਆ ਇਹ ਜ਼ੁਲਮ ? ਉਨ੍ਹਾਂ ਦੇ ਤਾਂ ਰੈਣ ਬਸੇਰੇ ਵੀ ਖੁੱਸ ਗਏ ! ਉਨ੍ਹਾਂ ਨੂੰ ਤਾਂ ਮਰਨ ਵੀ ਚੈਨ ਨਾਲ ਨਹੀ ਦਿੱਤਾ ਜਾਂਦਾ !

**ਔਰਤ ਸੂਤਰਧਾਰ:** ਪਰ ਪ੍ਰਭਾ ਤੂੰ ਇਸ ਆਧੁਨਿਕਤਾ 'ਤੇ ਐਨਾ ਖਫਾ ਕਿਉਂ ਹੈ ? ਕੀ ਹੈ ਤੇਰੀ ਕ੍ਰੋਪੀ ਦਾ ਅਸਲ ਕਾਰਨ ?

**ਮਰਦ ਸੂਤਰਧਾਰ:** ਕਾਰਨ ? ਲੈ ਸੁਣ ਲੈ ਕਾਰਨ ! ਊਰਜਾ ਪੈਦਾ ਹੁੰਦੀ ਹੈ ਪਥਰਾਹਟੀ ਬਾਲਣਾਂ ਨਾਲ !

**ਔਰਤ ਸੂਤਰਧਾਰ:** ਹਾਂ ਬਿਜਲੀ ਵੀ ਕੋਲੇ , ਗੈਸ , ਤੇਲ ਵਗੈਰਾ ਵਗੈਰਾ ਨਾਲ ਹੀ ਪੈਦਾ ਹੁੰਦੀ ਹੈ ।

**ਮਰਦ ਸੂਤਰਧਾਰ:** ਭਾਗਮਾਨੇ ਹੁਣ ਅਸੀਂ ਵੇਖ ਨਹੀਂ ਰਹੇ ਕਿ ਰੁਤਾਂ ਬਦਲ ਰਹੀਆਂ ਨੇ ?

**ਔਰਤ ਸੂਤਰਧਾਰ:** ਹਾਂ ਸਰਦੀਆਂ ਘੱਟ ਪੈਂਦੀਆਂ ਨੇ ਤੇ ਗਰਮੀ ਜਿਆਦਾ , ਪੋਹ - ਮਾਘ ਦੇ ਪਾਲੇ ਤਾਂ ਪੰਖੇਰੂ ਹੀ ਬਣ ਗਏ !

**ਮਰਦ ਸੂਤਰਧਾਰ:** ਇੱਥੇ ਈ ਬੱਸ ਆ ਕਿ ? ਹੁਣ ਤਾਂ ਵਰਖਾ ਵੀ ਹੁੰਦੀ ਹੈ ਬੇ ਰੁੱਤੀ !

**ਔਰਤ ਸੂਤਰਧਾਰ:** ਹਾਂ ! ਹੁਣ ਤਾਂ ਚੇਤ ਦੇ ਮੀਂਹ ਮਾਰ ਦਿੰਦੇ ਨੇ ਕਣਕ ਨੂੰ ! ਵਸਿਆ ਚੇਤ , ਨਾ ਘਰ , ਨਾ ਖੇਤ ਹਰ ਸਾਲ ਦੀ ਹਕੀਕਤ ਬਣ ਗਈ ਆ । ਪਰ ਇਹ ਕਿਉਂ ਹੋਣ ਡਿਹਾ ਐ ?

**ਮਰਦ ਸੂਤਰਧਾਰ:** ਇਸ ਦੀ ਜਾਣਕਾਰੀ ? ਇਹ ਤਾਂ ਮੁਸ਼ਕਲ ਹੈ ਕੰਮ ! ਪਰ ਲਓ ਆਹ ਆ ਰਹੇ ਨੇ ਡਾ. ਸੁਰਿੰਦਰ ਜਿੰਦਲ ਨਾਲ , ਜੋ ਨੇ ਪਰਿਆਵਰਣ ਦੇ ਮਾਹਰ ! ਉਨ੍ਹਾਂ ਤੋਂ ਸਮਝਦੇ ਹਾਂ ਇਸਦਾ ਵਿਗਿਆਨ !

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ** ......

(ਪਿੰਡ ਦੀ ਸੱਥ , ਡਾ ਸੁਰਿੰਦਰ ਜਿੰਦਲ ਦਾ ਆਉਣਾ ।)

**ਮਰਦ ਸੂਤਰਧਾਰ:** ਡਾ. ਸਾਹਿਬ ਅਸੀਂ ਗੱਲ ਕਰ ਰਹੇ ਸੀ ਕਿ ਮੌਸਮ ਬਦਲ ਰਹੇ ਨੇ ਸਰਦੀ ਗਰਮੀ ਵਿੱਚ ਫਰਕ ਤੇ ਵਰਖਾ ਦੇ ਮੌਸਮ ਵਿੱਚ ਬਦਲਾਅ ਆ ਗਏ । ਕਿਉਂ ਹੋ ਰਿਹਾ ਹੈ ਤੇ ਕਿਵੇਂ ਹੋ ਰਿਹਾ ਹੈ ਇਹ ਸੱਭ ਕੁੱਝ ? ਦੱਸੋਗੇ ਜਰਾ ?

**ਡਾ. ਸੁਰਿੰਦਰ ਜਿੰਦਲ:** ਹਾਂ ! ਕਿਉਂ ਨਹੀਂ ! ਅਸੀਂ ਵੇਖਦੇ ਹਾਂ ਕਿ ਇਹ ਬਾਲਣ ਛੱਡਦੇ ਨੇ ਧੂੰਆਂ ! ਇਸ ਧੂੰਏਂ ਵਿੱਚ ਹੁੰਦੀਆਂ ਨੇ ਕਈ ਗੈਸਾਂ ਜਿਵੇਂ ਕਾਰਬਨ ਡਾਈ ਅਕਸਾਈਡ , ਨਾਈਟਰੋਜਨ , ਸਲਫਰ ਆਦਿ ਦੇ ਅਕਸਾਈਡ ਤੇ ਧੂੜ ਦੇ ਕਣ ! ਬਿਜਲੀ ਤਾਪ ਘਰਾਂ ਵਿੱਚੋਂ, ਕਾਰਖਾਨਿਆਂ ਦੀਆਂ ਚਿਮਣੀਆਂ ਵਿੱਚੋਂ, ਮੋਟਰਾਂ ਗੱਡੀਆਂ ਵਿੱਚੋਂ, ਭੱਠਿਆਂ ਵਿੱਚੋਂ ਨਿੱਕਲਦਾ ਧੂਆਂ ਵਧਾ ਦਿੰਦੇ ਨੇ ਇਨ੍ਹਾਂ ਗੈਸਾਂ ਦੀ ਮਾਤਰਾ ਸਾਡੇ ਵਾਯੂਮੰਡਲ ਵਿੱਚ ! ਇਹ ਗੈਸਾਂ ਧਰਤੀ ਉੱਪਰੋਂ ਬਾਹਰੀ ਜਾਂਦੀ ਗਰਮੀ ਨੂੰ ਲੈਂਦੀਆਂ ਨੇ ਰੋਕ ਤੇ ਵਧਾ ਦਿੰਦੀਆਂ ਨੇ ਧਰਤ ਗ੍ਰਹਿ ਦੇ ਤਾਪਮਾਨ ਨੂੰ ! ਅੱਜ ਕੱਲ ਧਰਤੀ ਦਾ ਤਾਪਮਾਨ ਅੰਦਾਜ਼ਨ $0.85^0$ ਸੈਲਸੀਅਸ ਵਧ ਚੁੱਕਿਆ ਹੈ । ਇਸੇ ਕਾਰਨ ਹੋ ਰਹੇ ਨੇ ਮੌਸਮੀ ਬਦਲਾਅ!

**ਔਰਤ ਸੂਤਰਧਾਰ:** ਹਾਂ...... ਹੁਣ ਸਮਝ ਆਇਆ ਕਿ ਇਸ ਨਾਲ ਤਾਂ ਸਾਰੀ ਆਬੋ ਹਵਾ ਵਿੱਚ ਹੀ ਬਦਲਾਅ ਆ ਰਹੇ ਨੇ !

**ਮਰਦ ਸੂਤਰਧਾਰ:** ਵਾਹ ਪ੍ਰਭਾਣੀ ! ਕਮਾਲ ਐ ! ਤੈਂ ਤਾਂ ਇਸ ਨਵੇਂ ਲੜੀਵਾਰ ਦੇ ਨਾਮ ਦੀ ਵੀ

ਵਿਆਖਿਆ ਕਰ ਦਿੱਤੀ !

**ਔਰਤ ਸੂਤਰਧਾਰ:** ਮੈਂ ! ਮੈਂ ਤਾਂ ਹਕੀਕਤ ਬਿਆਨੀ ਸੀ ਪਰ ਤੁਸੀਂ ਤਾਂ ਉਸੇ ਵਿੱਚੋਂ ਕੱਢ ਲਈ ਗੱਲ ਫਿਜਾਵਾਂ ਦੇ ਬਦਲਣ ਦੀ ਤੇ ਉਨ੍ਹਾਂ ਦੇ ਕਾਰਨ ਦੀ !

**ਮਰਦ ਸੂਤਰਧਾਰ:** ਬੱਸ ਸਾਡੇ ਸ੍ਰੋਤੇ ਵੀ ਸਮਝ ਗਏ ਹੋਣਗੇ ਕਿ ਸਾਡਾ ਨਵਾਂ ਲੜੀਵਾਰ ਹੈ , "ਕਿਉਂ ਬਦਲ ਰਹੀਆਂ ਨੇ ਫਿਜਾਵਾਂ" ?

**ਔਰਤ ਸੂਤਰਧਾਰ:** ਹਾਂ ! ਸਾਡਾ ਇਹ ਨਵਾਂ ਲੜੀਵਾਰ ਹੈ ਜਲਵਾਯੂ ਬਦਲਾਅ ਦੇ ਬਾਬਤ !

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ** ......

(ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਦਾ ਦ੍ਰਿਸ਼, ਸਕੂਲ ਦੇ ਹਾਲ ਵਿੱਚ ਚਰਚਾ ਹੈ ਜਲਵਾਯੂ ਉਪਰ )

**ਔਰਤ ਸੂਤਰਧਾਰ:** ਹਾਂ ! ਤਾਂ ਪ੍ਰਭਾ ਤੁਸੀਂ ਪਿੰਡ ਵਿੱਚ ਗੱਲ ਕਰ ਰਹੇ ਸੀ ਵਿਗਿਆਨ ਪ੍ਰਸਾਰ ਤੇ ਆਕਾਸ਼ਵਾਣੀ ਵੱਲੋਂ ਆ ਰਹੇ ਨਵੇਂ ਵਿਗਿਆਨ ਲੜੀਵਾਰ ਦੀ ! ਇਸਦੀ ਰੂਪ ਰੇਖਾ ਬਾਬਤ ਜਰਾ ਇਨ੍ਹਾਂ ਵਿਦਿਆਰਥੀਆਂ ਨੂੰ ਤੇ ਅਧਿਆਪਕ ਸਾਹਿਬਾਨਾਂ ਨੂੰ ਵੀ ਦੇ ਦੇਵੋ ਜਰਾ ਮੁੱਢਲੀ ਜਾਣਕਾਰੀ !

**ਮਰਦ ਸੂਤਰਧਾਰ:** ਅੱਛਾ! ਮੁੱਢਲੀ ਜਾਣਕਾਰੀ ! ਆਪਣੇ ਨਵੇਂ ਵਿਗਿਆਨ ਲੜੀਵਾਰ ਬਾਬਤ ? ਲਓ ਸੁਣੋ ! ਲੜੀਵਾਰ ਦਾ ਨਾਮ ਹੈ ਕਿਉਂ ਬਦਲ ਰਹੀ ਹੈਂ ਫਿਜ਼ਾਏਂ ? ਇਸ ਦੀਆਂ ਹੋਣਗੀਆਂ 52 ਕੜੀਆਂ! ਹਰ ਕੜੀ ਹੋਵੇਗੀ ਅੱਧੇ ਘੰਟੇ ਦੀ।ਹਰ ਕੜੀ ਤੋਂ ਬਾਅਦ ਹੋਣਗੇ ਕੁੱਝ ਸਵਾਲ ਵੀ ! ਬਾਕੀ ਸੁਣ ਕੇ ਵਿਦਿਆਰਥੀ ਅਤੇ ਅਧਿਆਪਣ ਅਮਲਾ ਸਮਝ ਜਾਵੇਗਾ ਕਿ ਕਿੰਨਾ ਕੁ ਹੋਵੇਗਾ ਇਸ ਲੜੀਵਾਰ ਦਾ ਮਸਾਲਾ ਇਨ੍ਹਾਂ ਦੇ ਪਾਠ ਕ੍ਰਮ ਨੂੰ ਸਮਝਣ ਤੇ ਸਮਝਾਉਣ ਵਿੱਚ ਸਹਾਈ । ਪਰ ਇਹ ਸਮਝ ਤਾਂ ਬਣੇਗੀ ਤਦ ਹੀ ਜਦ ਹਰ ਐਤਵਾਰ ਸਵੇਰ ਵੇਲੇ ਜਲੰਧਰ , ਬਠਿੰਡਾ ਤੇ ਪਟਿਆਲਾ ਆਕਾਸ਼ਵਾਣੀ ਤੋਂ ਪ੍ਰਸਾਰਣ ਹੁੰਦੇ ਇਸ ਲੜੀਵਾਰ ਨੂੰ ਸੁਣੋਗੇ ਮਨ ਚਿੱਤ ਲਗਾ ਕੇ ! ਕੇਵਲ ਅੱਧਾ ਘੰਟਾ ! ਹਫਤੇ ਵਿੱਚ ਇੱਕ ਵਾਰੀ !

**ਔਰਤ ਸੂਤਰਧਾਰ:** ਹੈਂ 52 ਕੜੀਆਂ ! ਕਿਹੜੀਆਂ ਸੁਣਾਉਗੇ ਕਹਾਣੀਆਂ ਇਸ ਲੜੀਵਾਰ ਵਿੱਚ ?

**ਮਰਦ ਸੂਤਰਧਾਰ:** ਕਹਾਣੀਆਂ ? ਕਹਾਣੀਆਂ ਹੋਣਗੀਆਂ , ਬਹੁਤ ਹੀ ਦਿਲਚਸ਼ਪ , ਗਿਆਨ ਵਰਧਕ ! ਭਾਉਣਗੀਆਂ ਹਰ ਸ੍ਰੋਤੇ ਨੂੰ ਫਿਰ ਹੋਵੇ ਚਾਹੇ ਉਹ ਕੋਈ ਵਿਦਿਆਰਥੀ , ਅਧਿਆਪਕ , ਪੜ੍ਹਿਆ ਜਾਂ ਅਨਪੜ੍ਹ ਮਰਦ ਜਾਂ ਔਰਤ ਬੱਚਾ, ਬਜੁਰਗ ਜਾਂ ਗਭਰੇਟ ।

**ਔਰਤ ਸੂਤਰਧਾਰ:** ਪਰ ਇਹ ਤਾਂ ਦੱਸੋ ਕਿ ਹੋਣਗੀਆਂ ਇਹ ਕਹਾਣੀਆਂ ਕਿੰਨ੍ਹਾਂ ਵਿਸ਼ਿਆਂ 'ਤੇ ?

**ਮਰਦ ਸੂਤਰਧਾਰ:** ਵਿਸ਼ੇ ? ਵਾਹ ਜੀ ਵਾਹ ! ਕਿਆ ਗੱਲ ਕੀਤੀ ਹੈ ? ਬਦਲਦੀਆਂ ਫਿਜ਼ਾਵਾਂ 'ਤੇ ਹੀ ਹੋਣਗੀਆਂ ਇਹ ਕਹਾਣੀਆਂ ! ਸਾਡੇ ਸ੍ਰੋਤਿਆਂ ਨੂੰ ਸਮਝਾਉਣਗੀਆਂ ਗੱਲਾਂ ਗੱਲਾਂ ਵਿੱਚ ਹੀ ਜਲਵਾਯੂ ਤੇ ਮੌਸਮ ਵਿੱਚ ਅੰਤਰ, ਧਰਤ ਗ੍ਰਹਿ ਦੀ ਜਲਵਾਯੂ ਪਰਣਾਲੀ ਦੇ ਬਦਲਾਅ ਦੀ ਪ੍ਰਕਿਰਿਆ ਅਤੇ

ਇਸ ਦੀ ਵਿਗਿਆਨ ਨੂੰ । ਸੁਣਾਂਗੇ ਆਧੁਨਿਕ ਵਿਕਾਸ ਦੀਆਂ ਪਿਛਲੀਆਂ ਦੋ ਸਦੀਆਂ ਦੌਰਾਨ ਪੁੱਟੀਆਂ ਪੁਲਾਂਘਾਂ ਦੇ ਖੱਟੇ ਮਿੱਠੇ ਅਨੁਭਵ ਅਤੇ ਪ੍ਰਭਾਵ ।ਕਹਾਣੀ ਹੋਵੇਗੀ ਧਰਤ ਗ੍ਰਹਿ ਦੀ ਆਲਮੀ ਤਪਸ਼ ਪਿੱਛੇ ਕੰਮ ਕਰਦੀ ਵਿਗਿਆਨ ਦੀ, ਇਸਦੇ ਉਪਾਅ ਦੀਆਂ ਕੋਸ਼ਿਸ਼ਾਂ ਦੀ ਤੇ ਵਿਗਿਆਨ ਦੀ ।

**ਔਰਤ ਸੂਤਰਧਾਰ:** ਵਾਹ ਜੀ ਵਾਹ ! ਤੁਸੀਂ ਤਾਂ ਪ੍ਰਭਾ ਕਰ ਦਿੱਤੀ ਹੈ ਕਮਾਲ ਜੀ ! ਕਰ ਲਿਆ ਇਰਾਦਾ ਗੱਲਾਂ ਗੱਲਾਂ ਵਿੱਚ ਹੀ ਸਮਝਾਉਣ ਦਾ ਵਿਗਿਆਨ ਦੇ ਗੂੜ੍ਹ ਗਿਆਨ ਨੂੰ !

**ਮਰਦ ਸੂਤਰਧਾਰ:** ਹਾਂ ਜੀ ! ਜੇ ਵਿਗਿਆਨ ਲੋਕਾਂ ਨੂੰ ਲੋਕ ਬੋਲੀ ਵਿੱਚ ਸਮਝਾਈ ਜਾਵੇ ਤਾਂ ਉਹ ਉਸ ਉਪਰ ਅਮਲ ਕਰਨ ਵਾਸਤੇ ਵੀ ਹੋ ਜਾਂਦੇ ਨੇ ਤਿਆਰ !

**ਔਰਤ ਸੂਤਰਧਾਰ:** ਵਿਗਿਆਨ ਪਰਾਸਾਰ ਦਾ ਤੇ ਆਕਾਸ਼ਵਾਣੀ ਦਾ ਯਤਨ ਤਾਂ ਇਹ ਹੈ ਸ਼ਲਾਘਾਯੋਗ ਪਰ ਅਜੇ ਤੱਕ ਤਾਂ ਕੋਈ ਟ੍ਰੇਲਰ ਵੀ ਨਹੀਂ ਕੀਤਾ ਬਿਆਨ ਤੁਸੀ ! ਕੋਈ ਝਲਕ ਤਾਂ ਕਰ ਦਿਓ ਬਿਆਨ ਉਸ ਵਿਗਿਆਨ ਦੀ ਆਪਣੇ ਇਨ੍ਹਾਂ ਵਿਖਿਆਣਾਂ ਦੇ ਰਾਹੀਂ !

**ਮਰਦ ਸੂਤਰਧਾਰ:** ਅੱਛਾ ! ਵਿਗਿਆਨ ਦੇ ਭੇਦ ? ਕਿਉਂ ਕਰਦੀਂ ਏਂ ਚਹੇਡਾਂ ਭਾਗਮਾਨੇ ਮੇਰੇ ਨਾਲ ! ਮੈਂ ਤਾਂ ਪਿੰਡ ਦੀ ਸੱਥ ਵਿੱਚ ਨਹੀਂ ਸੀ ਸਕਿਆ ਸਮਝਾ ਹਰਿਤ ਘਰ ਗੈਸਾਂ ਦੀ ਗੂੜ੍ਹ ਵਿਗਿਆਨ ਨੂੰ ! ਇੱਥੇ ਇਨ੍ਹਾਂ ਐਨੇ ਪੜ੍ਹੇ ਲਿਖਿਆਂ ਨੂੰ ਮੈਂ ਕੀ ਦੱਸਣਾ ਹੈ ? ਇੱਥੇ ਪ੍ਰੋਫੈਸਰ ਜੈਪਾਲ ਸਿੰਘ ਜੀ ਆਏ ਹੋਏ ਨੇ ! ਉਨ੍ਹਾਂ ਨੂੰ ਕਰਦੇ ਹਾਂ ਬੇਨਤੀ !
( ਪ੍ਰੋ. ਜੈਪਾਲ ਸਿੰਘ ਨੂੰ ਮੁਖਾਤਬ ਹੁੰਦੇ ਹੋਏ, ਪ੍ਰੋ. ਸਾਹਿਬ ! ਕ੍ਰਿਪਾ ਕਰਕੇ ਆਲਮੀ ਤਪਸ ਦਾ ਵਿਗਿਆਨ ਸਮਝਾਉਣ ਦੀ ਖੇਚਲ ਕਰਿਓ ਜਰਾ !)

**ਪ੍ਰੋ. ਜੈਪਾਲ ਸਿੰਘ :** ਆਲਮੀ ਤਪਸ ਦਾ ਕਾਰਨ ਨੇ ਕਾਰਬਨ ਡਾਈ ਅਕਸਾਈਡ , ਮੀਥੇਨ , ਓਜ਼ੋਨ ਵਰਗੀਆਂ ਗੈਸਾਂ ਤੇ ਜਲ-ਵਾਸ਼ਪ ! ਧਰਤੀ ਉਪਰ ਸੂਰਜ ਦੀ ਜੋ ਤਪਸ਼ ਆਉਂਦੀ ਹੈ ਉਸਦਾ 30% ਵਾਪਸ ਚਲਿਆ ਜਾਂਦਾ ਹੈ । ਇਹ ਸਾਰੀਆਂ ਗੈਸਾਂ ਧਰਤੀ ਉਪਰੋਂ ਇਸ ਤਪਸ਼ ਦੀ ਵਾਪਸੀ ਵਿੱਚ ਰੋਕ ਪੈਦਾ ਕਰਦੀਆਂ ਹਨ । ਇੱਕ ਹੱਦ ਤੱਕ ਇਹ ਰੋਕ ਜਰੂਰੀ ਹੈ ਜਿਸ ਕਰਕੇ ਇਸ ਧਰਤੀ ਤੇ ਜਨ ਜੀਵਣ ਵਾਸਤੇ ਲੋੜੀਂਦੀ ਜਰੂਰੀ ਗਰਮਾਹਟ ਕਾਇਮ ਰਹਿੰਦੀ ਹੈ ਪਰਹੱਦ ਤੋਂ ਪਰੇ ਇਨ੍ਹਾਂ ਦੀ ਮਾਤਰਾ ਧਰਤੀ ਨੂੰ ਜਿਆਦਾ ਗਰਮ ਕਰਨ ਦਾ ਕਾਰਨ ਬਣਦੀ ਹੈ । ਜਿਸ ਕਰਕੇ ਜਨ ਜੀਵਣ ਅਤੇ ਭੋਜਨ ਸੁਰੱਖਿਆ ਖਤਰੇ ਵਿੱਚ ਪੈ ਜਾਂਦੇ ਹਨ । ਧਰਤੀ ਤੇ ਜੀਵਣ ਵੀ ਜਲਵਾਯੂ ਨੂੰ ਪ੍ਰਭਾਵਤ ਕਰਦਾ ਹੈ । ਸਾਗਰਾਂ , ਜਵਾਲਾਮੁਖੀਆਂ, ਬਨਸਪਤੀ ਤੇ ਜੀਵਾਂ ਉਪਰ ਪੈਂਦਾ ਇਸਦਾ ਪ੍ਰਭਾਵ ਹੁੰਦਾ ਹੈ ਸਪਸ਼ਟ ਅੰਕੜਿਆਂ ਤੋਂ ਵੀ।

**ਔਰਤ ਸੂਤਰਧਾਰ:** ਕੀ ਇਹ ਸਾਰਾ ਰੌਲਾ ਰੱਪਾ ਕਿਤੇ ਅੰਕੜਿਆਂ ਦਾ ਹੀ ਖੇਡ ਤਾਂ ਨਹੀਂ ? ਕੀ ਇਹ ਕਿਸੇ ਹਕੀਕਤ ਤੇ ਵੀ ਆਧਾਰਤ ਹੈ ?

**ਮਰਦ ਸੂਤਰਧਾਰ:** ਹਾਂ ਪ੍ਰਭਾਣੀ ਹਾਂ !ਹੈ ਇਹ ਵੀ ਇੱਕ ਵੱਡਾ ਮੁੱਦਾ ! ਪਰ ਜਿਵੇਂ ਕਹਿੰਦੇ ਨੇ ਵਾਹ ਪਏ ਜਾਣੀਏ ਜਾਂ ਰਾਹ ਪਏ ਜਾਣੀਏ ! ਆਪਣੇ ਸੁਣ ਲੈਣਾ ਤੇ ਫੈਸਲਾ ਕਰ ਲੈਣਾ ਕਿ ਜਲਵਾਯੂ ਵਿੱਚ ਤੇਜੀ ਨਾਲ ਹੋ ਰਹੇ ਬਦਲਾਅ ਦੀਆਂ ਗੱਲਾਂ ਹਕੀਕਤ ਹਨ ਜਾਂ ਕੇਵਲ ਮਨ ਦੇ ਤੌਖਲੇ ਤੇ ਅੰਕੜਿਆਂ ਦੀ ਖੇਡ ?

**ਔਰਤ ਸੂਤਰਧਾਰ:** ਤਾਂ ਕੀ ਇਹ ਬਦਲਾਅ ਸੰਸਾਰ ਦੇ ਸਾਰੇ ਅਮਲਾਂ ਤੇ ਵਰਤਾਰਿਆਂ ਨੂੰ ਪ੍ਰਭਾਵਤ ਕਰਦਾ ਹੈ ?

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਇਸ ਲੜੀਵਾਰ ਵਿੱਚ ਗੱਲ ਹੋਵੇਗੀ ਸਮੁੰਦਰ ਅਤੇ ਜਲਵਾਯੂ ਦੇ ਬਦਲਾਵਾਂ ਦੀ, ਜਵਾਲਾਮੁਖੀ ਵਰਤਾਰਿਆਂ ਅਤੇ ਧਰਤੀ ਦੀਆਂ ਟੈਕਟੋਨਿਕ ਪਲੇਟਾਂ ਦੀ, ਇਸ ਧਰਤੀ ਦੇ ਜੈਵ ਸੰਸਾਰ ਦੇ ਇਸ ਬਦਲਾਅ ਉਪਰ ਪ੍ਰਭਾਵ ਦੀ !

**ਔਰਤ ਸੂਤਰਧਾਰ:** ਅੱਛਾ ! ਤਾਂ ਕੀ ਮਨੁੱਖੀ ਗਤੀਵਿਧੀਆਂ ਕਾਰਨ ਜਲਵਾਯੂ ਉਪਰ ਪੈਣ ਵਾਲੇ ਪ੍ਰਭਾਵਾਂ ਦਾ ਵੀ ਹੋਵੇਗਾ ਵਿਸਤਾਰ ਤੁਹਾਡੇ ਇਸ ਲੜੀਵਾਰ ਵਿੱਚ ?

**ਮਰਦ ਸੂਤਰਧਾਰ:** ਕਿਉਂ ਨਹੀਂ ? ਇੱਕ ਕੜੀ ਵਿੱਚ ਤਾਂ ਮਨੁੱਖੀ ਗਤੀਵਿਧੀਆਂ ਅਤੇ ਕਾਰਬਨ ਉਤਸਰਜਨ ਦੀ ਹੀ ਹੋਵੇਗੀ ਕਹਾਣੀ ! ਇਸਦੇ ਨਾਲ ਹੀ ਧਰਤ ਦੀ ਗਤੀ ਅਤੇ ਸੂਰਜ ਤੋਂ ਨਿੱਕਲਦੀਆਂ ਕਿਰਣਾਹਟਾਂ ਦੀ ਵਿਗਿਆਨ ਤੇ ਪ੍ਰਭਾਵ ਵੀ ਸੁਣਾਏ ਜਾਣਗੇ ਬਹੁਤ ਹੀ ਸਾਦ ਮੁਰਾਦੇ ਢੰਗ ਨਾਲ !

**ਔਰਤ ਸੂਤਰਧਾਰ:** ਇਸ ਤਰ੍ਹਾਂ ਤਾਂ ਲੱਗਦਾ ਹੈ ਕਿ ਇਹ ਜਲਵਾਯੂ ਬਦਲਾਅ ਹੋਵੇਗਾ ਸਾਡੀ ਸਿਹਤ ‘ਤੇ ਵੀ ਅਸਰ ਅੰਦਾਜ਼ !

**ਮਰਦ ਸੂਤਰਧਾਰ:** ਹਾਂ ! ਬਿਲਕੁਲ ਹੋਵੇਗਾ ! ਲੜੀਵਾਰ ਵਿੱਚ ਇਸ ਆਲਮੀ ਤਪਸ਼ ਦੇ ਸਾਡੀ ਸਿਹਤ ਉਤੇ ਪੈਂਦੇ ਪ੍ਰਭਾਵਾਂ ਦੇ ਵੀ ਜਾਣਗੇ ਸੁਣਾਏ ਕਿੱਸੇ ! ਸੁਣਨਗੇ ਸਾਡੇ ਸ੍ਰੋਤੇ ਕਿ ਕਿਵੇਂ ਵਧਣਗੀਆਂ ਬਿਮਾਰੀਆਂ ? ਕਿਵੇਂ ਪੈਦਾ ਹੋਣਗੀਆਂ ਨਵੀਂਆਂ ਤੋਂ ਨਵੀਂਆਂ ਬਿਮਾਰੀਆਂ ਵੀ ? ਕੀ ਪਵੇਗਾ ਪ੍ਰਭਾਵ ਸਾਡੀ ਇਲਾਜ ਪ੍ਰਣਾਲੀ ਦੇ ਉਪਰ, ਕੌਣ ਬਣਨਗੇ ਇਸ ਬਦਲਾਅ ਦਾ ਸ਼ਿਕਾਰ ? ਕੀ ਪਵੇਗਾ ਪ੍ਰਭਾਵ ਇਸ ਬਦਲਾਅ ਦਾ ਸਾਡੀ ਭੋਜਨ ਸੁਰੱਖਿਆ ਦੇ ਉਪਰ ?

**ਔਰਤ ਸੂਤਰਧਾਰ:** ਇਸ ਤਾਪਮਾਨ ਨੂੰ ਮਾਪਣ ਦੀ ਵਿਧੀਆਂ ਬਾਬਤ ਵੀ ਕੀ ਕੋਈ ਹੋਵੇਗੀ ਜਾਣਕਾਰੀ ?

**ਮਰਦ ਸੂਤਰਧਾਰ:** ਹਾਂ ਜੀ ! ਬਿਲਕੁਲ ਇਸ ਤਾਪਮਾਨ ਦੇ ਮਾਪ ਦੇ ਵਿਗਿਆਨ ਦਾ ਵੀ ਸੁਣਾਇਆ ਜਾਵੇਗਾ ਕਿੱਸਾ । ਨਾਲ ਹੀ ਇਹ ਵੀ ਸੁਣਾਈ ਜਾਵੇਗੀ ਕਹਾਣੀ ਕਿ ਤਾਪਮਾਨ ਕਿਵੇਂ ਕਰਦਾ ਹੈ ਪ੍ਰਭਾਵਤ ਜਾਨਵਰਾਂ ਨੂੰ ਤੇ ਬਨਸਪਤੀਆਂ ਨੂੰ ?

**ਔਰਤ ਸੂਤਰਧਾਰ:** ਅੱਛਾ ਜੀ ! ਇਸ ਲੜੀਵਾਰ ਵਿੱਚ ਚਰਚਾ ਹੋਵੇਗੀ ਜਲਵਾਯੂ ਨਾਲ ਜੁੜੇ ਅਨੇਕਾਂ ਮੁਦਿਆਂ ਦੇ ਉਪਰ ਉਨ੍ਹਾਂ ਦੇ ਵੱਖ ਵੱਖ ਪੱਖਾਂ ਦੇ ਉਪਰ ! ਗੱਲ ਹੋਵੇਗੀ ਜਲਵਾਯੂ ਦੇ ਹੋ ਰਹੇ ਬਦਲਾਅ ਨੂੰ ਤੇ ਇਸਦੇ ਪ੍ਰਭਾਵਾਂ ਨੂੰ ਰੋਕਣ ਦੇ ਲਈ ਅੰਤਰ-ਰਾਸਟਰੀ ਪੱਧਰ ‘ਤੇ ਹੋ ਰਹੇ ਯਤਨਾਂ ਦੀ , ਸੰਸਥਾਵਾਂ ਦੀ ਸੰਮੇਲਨਾਂ ਦੀ ਮਾਪ-ਦੰਡਾਂ ਦੀ, ਸਮਝੌਤਿਆਂ ਦੀ ਤੇ ਉਨ੍ਹਾਂ ਦੀ ਸਾਰਥਕਤਾ ਦੀ , ਉਨ੍ਹਾਂ ਵਿੱਚ ਵੱਖ-ਵੱਖ ਦੇਸਾਂ ਵੱਲੋਂ ਨਿਭਾਈ ਜਾਂਦੀ ਭੂਮਿਕਾ ਦੀ ! ਸਿਆਸਤ ਦੀ ਤੇ ਕਾਰਬਨ ਟੈਕਸਾਂ ਦੀ !

**ਮਰਦ ਸੂਤਰਧਾਰ:** ਵਧੇਗੀ ਜਦ ਤਪਸ਼ , ਗਰਮ ਹੋ ਜਾਵੇਗੀ ਜਦ ਧਰਤੀ ! ਪਿਘਲ ਜਾਣਗੀਆਂ ਬਰਫਾਨੀ ਧੂਰੀ ਚੋਟੀਆਂ ! ਚੜ੍ਹ ਜਾਵੇਗਾ ਸਮੁੰਦਰ , ਕੀ ਬਣੇਗਾ ਸਮੁੰਦਰੀ ਟਾਪੂਆਂ ਦਾ , ਕੋ ਹੋਵੇਗੀ ਹੋਣੀ ਸਮੁੰਦਰੀ ਕੰਢੇ ਵਸੀਆਂ ਬਸਤੀਆਂ ਦੀ ! ਕੀ ਬਣੇਗਾ ਮਛੇਰਿਆਂ ਦੀ ਰੋਜੀ ਰੋਟੀ ਦਾ ?

**ਔਰਤ ਸੂਤਰਧਾਰ:** ਹੋਵੇਗੀ ਚਰਚਾ ਉਜਾੜਿਆਂ 'ਤੇ , ਜ਼ਮੀਨੀ ਦੇ ਕਲੱਰ ਪੈਣ 'ਤੇ, ਮੌਨਸੂਨਾਂ ਦੇ ਬਦਲਦੇ ਸੁਭਾਅ ਅਤੇ ਚੱਕਰ 'ਤੇ, ਭਾਰਤ ਵਿੱਚ ਹੋਣ ਵਾਲੀਆਂ ਜਲਵਾਯੂ ਤਬਦੀਲੀਆਂ 'ਤੇ, ਬਦਲਦੇ ਫਸਲੀ ਚੱਕਰਾਂ 'ਤੇ, ਖੇਤੀਬਾੜੀ ਅਤੇ ਝਾੜ 'ਤੇ । ਸਾਡੇ ਰੁਜਗਾਰ 'ਤੇ, ਸਾਡੇ ਅਰਥਚਾਰੇ 'ਤੇ !

**ਮਰਦ ਸੂਤਰਧਾਰ:** ਇਸ ਪ੍ਰਭਾਵ ਬਾਬਤ ਅਸੀਂ ਸੁਣਾਂਗੇ ਕਹਾਣੀ ਸਾਡੇ ਮਸ਼ਹੂਰ ਲੋਕ ਵਿਗਿਆਨੀ ਅਰਥ ਸ਼ਾਸ਼ਤਰੀ ਡਾ. ਨਿਰੂਪਮਾ ਜੀ ਤੋਂ !

**ਡਾ. ਨਿਰੂਪਮਾ :** ਵੇਖੋ ਜਲਵਾਯੂ ਬਦਲਾਅ ਹੁਣ ਸੰਸਾਰ ਦੀ ਹਕੀਕਤ ਹੈ ! ਸੰਸਾਰ ਦਾ ਸਾਰਾ ਅਰਥਚਾਰਾ ਕੁਦਰਤੀ ਸ੍ਰੋਤਾਂ ਦੇ ਸਹਾਰੇ ਚਲਦਾ ਹੈ । ਇਸ ਵਿੱਚ ਖੇਤੀ ਬਾੜੀ, ਬਾਗਬਾਨੀ ਤੇ ਜੰਗਲਾਤ ਦੀ ਪੈਦਾਵਾਰ ਉਪਰ ਮੌਸਮ ਦਾ ਤੇ ਜਲਵਾਯੂ ਦਾ ਪ੍ਰਭਾਵ ਬਹੁਤ ਡੂੰਘਾ ਪੈਂਦਾ ਹੈ । ਫਸਲੀ ਚੱਕਰ ਬਦਲਣ ਨਾਲ , ਝਾੜ ਘਟਣ ਨਾਲ , ਖੇਤੀ ਉਤਪਾਦਨ ਦੇ ਮਡੀਕਰਨ ਦੇ ਬਦਲਾਅ ਕਾਰਨ , ਫਸਲਾਂ ਦੇ ਜਲਦੀ ਜਾਂ ਦੇਰ ਨਾਲ ਬੀਜੇ ਜਾਣ ਕਾਰਨ , ਮੌਨਸੂਨ ਦੇ ਚੰਗੇ ਜਾਂ ਮਾੜੇ ਕਾਰਨ , ਬੇਵਕਤੀ ਗਰਮੀ ਜਾਂ ਵਰਖਾ ਕਾਰਨ ਫਸਲਾਂ ਦੇ ਝਾੜ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਜੋ ਕਿ ਕਿਸੇ ਵੀ ਦੇਸ ਦੀ ਆਰਥਕਤਾ ਵਾਸਤੇ ਅਤੇ ਕਿਸਾਨ ਤੇ ਖੇਤ-ਮਜਦੂਰ ਦੀ ਆਰਥਕਤਾ ਵਾਸਤੇ ਬਹੁਤ ਹੀ ਤਬਾਹਕੁਨ ਹੁੰਦਾ ਹੈ ।ਇਸ ਬਦਲਾਅ ਦਾ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ ਮੁਰਗੀ ਪਾਲਣ ਅਤੇ ਮੱਛੀ ਪਾਲਣ ਦੇ ਧੰਦੇ ਦੇ ਉਪਰ ਵੀ ।ਇਹ ਸਾਰੀ ਮਨੁੱਖਤਾ ਨੂੰ ਪ੍ਰਭਾਵਤ ਕਰਦਾ ਹੈ, ਸਾਰਾ ਅਰਥਚਾਰਾ ਡਗ-ਮਗਾ ਜਾਂਦਾ ਹੈ ਤੇ ਰੁਜਗਾਰ ਖੁੱਸ ਜਾਂਦੇ ਹਨ । ਮੁੜ ਵਸੇਬੇ ਦੇ ਵੱਡੇ ਪੱਧਰ ਤੇ ਯਤਨ ਕਰਨੇ ਪੈਂਦੇ ਹਨ । ਜਾਨ -ਮਾਲ ਦਾ ਖਰਾਬਾ ਬਹੁਤ ਭਿਆਨਕ ਰੁਪ ਧਾਰਨ ਕਰ ਲੈਂਦਾ ਹੈ।

**ਔਰਤ ਸੂਤਰਧਾਰ:** ਡਾਕਟਰ ਗਿਆਨ ਸਿੰਘ ਜੀ ਦੇ ਸ਼ਬਦਾਂ ਤੋਂ ਸਾਨੂੰ ਨਜ਼ਰ ਆ ਗਿਆ ਹੋਵੇਗਾ ਇਸ ਪਰਿਵਰਤਣ ਦੇ ਸਿਟਿਆਂ ਦਾ ਭਿਆਨਕ ਚਿਹਰਾ-ਮੁਹਰਾ ! ਪਿਘਲਦੇ ਗਲੇਸ਼ੀਅਰ ਤੇ ਹੜ੍ਹਾਂ ਦਾ ਕਿੰਨਾ ਭਿਆਨਕ ਰੂਪ ਹੋਵੇਗਾ , ਪੰਜਾਬ ਵਿੱਚ ਗਾਹੇ ਬਗਾਹੇ ਆਉਂਦੇ ਹੜ੍ਹਾਂ ਰਾਹੀਂ ਹੁੰਦੀ ਤਬਾਹੀ ਤੋਂ ਹਰ ਪੰਜਾਬੀ ਭਲੀ ਭਾਂਤ ਸਮਝ ਸਕਦਾ ਹੈ ।

**ਮਰਦ ਸੂਤਰਧਾਰ:** ਇੱਥੇ ਹੀ ਬੱਸ ਨਹੀਂ!ਇਸ ਆਲਮੀ ਤਪਸ਼ ਨੇ ਸਾਡੀ ਜੈਵਿਕ ਵੰਨ-ਸੁਵੰਨਤਾ ਦਾ ਕਰ ਦੇਣਾ ਹੈ ਨਾਸ! ਇਸ ਨਾਲ ਸਾਰੇ ਦਾ ਸਾਰਾ ਪ੍ਰਸਿਥਿਤਿਕ ਤੰਤਰ ਜਾਵੇਗਾ ਬੁਰੀ ਤਰ੍ਹਾਂ ਹਿੱਲ ! ਜੰਗਲਾਂ ਦਾ, ਵਣ ਜੀਵਣ ਦਾ ਅਤੇ ਸਾਡੇ ਕੁਦਰਤੀ ਸ੍ਰੋਤਾਂ ਦਾ ਹੋਣ ਵਾਲਾ ਵੱਡਾ ਨੁਕਸਾਨ ਵੀ ਹੋਵੇਗਾ ਇਸ ਲੜੀਵਾਰ ਦਾ ਹਿੱਸਾ।

**ਔਰਤ ਸੂਤਰਧਾਰ:** ਹਾਂ ਜੀ ਬਿਆਨ ਕੀਤੀਆਂ ਜਾਣਗੀਆਂ ਕਹਾਣੀਆਂ ਜੋ ਹੋਣਗੀਆਂ ਹੋਣੀ ਆਉਣ ਵਾਲੇ ਕੱਲ੍ਹ ਦੀ ਅਤੇ ਬਣ ਜਾਣਗੀਆਂ ਹੱਡ ਬੀਤੀਆਂ ਤੇ ਜੱਗ ਬੀਤੀਆਂ ਜੇ ਕਰ ਨਾ ਸੰਭਲੇ ਅਜੇ ਵੀ । ਗਫਲਤ ਵਿੱਚ ਤਾਂ ਸਾਨੂੰ ਹੋਣਾ ਪਵੇਗਾ ਜਿਸ ਬਰਬਾਦੀ ਦੇ ਦੈਂਤ ਨਾਲ ਦੋ ਚਾਰ ਉਸਦਾ ਵਿਖਾਇਆ ਜਾਵੇਗਾ ਸੰਭਾਵਤ ਚਿਹਰਾ ।

**ਮਰਦ ਸੂਤਰਧਾਰ:** ਸੁਣਾਏ ਜਾਣਗੇ ਕਿੱਸੇ ਇਸ ਲੜੀਵਾਰ ਦੌਰਾਨ ਪਿਛਲੇ ਸਮੇ ਵਿੱਚ ਮੌਸਮ ਦੇ ਵਿਕਰਾਲ ਰੂਪਾਂ ਨਾਲ ਹੋਈ ਤਬਾਹੀ ਦੇ ਵਿਗਿਆਨ ਕਾਰਨਾਂ ਦੇ ਅਤੇ ਉਨ੍ਹਾਂ ਦੇ ਸਮਾਜਕ , ਸਿਆਸੀ ਤੇ ਆਰਥਕ ਨਤੀਜਿਆਂ ਦੇ । ਨਾਲੇ ਖਿੱਚੀ ਜਾਵੇਗੀ ਤਸਵੀਰ ਮਨੁੱਖਤਾ ਨਾਲ ਹੋਏ ਖਿਲਵਾੜ ਦੀ ਵੀ ।

**ਔਰਤ ਸੂਤਰਧਾਰ:** ਇਹ ਬਦਲਦੀਆਂ ਹਵਾਵਾਂ ਕੇਵਲ ਗਰਮੀ ਜਾਂ ਵਰਖਾ ਦਾ ਹੀ ਬਦਲਾਅ ਨਹੀਂ ਕਰਦੀਆਂ ! ਇਨ੍ਹਾਂ ਦਾ ਪ੍ਰਭਾਵ ਪੈਂਦਾ ਹੈ ਊਰਜਾ ਉਪਰ ਵੀ ।ਲਓ ਸੁਣੋ ਕਹਾਣੀ ਇਸ ਪ੍ਰਭਾਵ ਦੀ ਸਾਡੇ ਊਰਜਾ ਵਿਗਿਆਨੀ ਮਨਜੀਤ ਸਿੰਘ ਜੀ ਤੋਂ ।

**ਇੰ: ਮਨਜੀਤ ਸਿੰਘ:** ਵੇਖੋ ਬਦਲਦੇ ਮੌਸਮ ਦਾ ਪੈਂਦਾ ਹੈ ਬਹੁਤ ਵੱਡਾ ਪ੍ਰਭਾਵ ਊਰਜਾ ਦੇ ਉਤਪਾਦਨ , ਉਪਲਬਧਤਾ , ਵਿਤਰਣ ਅਤੇ ਖਪਤ ਦੇ ਉਪਰ ਵੀ । ਭਿਆਨਕ ਝੱਖੜਾਂ ਤੇ ਹੜ੍ਹਾਂ ਕਾਰਨ ਅਸਤ ਵਿਅਸਤ ਹੋ ਜਾਂਦੀ ਹੈ ਊਰਜਾ ਵਿਤਰਣ ਵਿਵਸਥਾ, ਡਿਗ ਪੈਂਦੇ ਨੇ ਬਿਜਲੀ ਦੇ ਖੰਭੇ , ਟੁੱਟ ਜਾਂਦੀਆਂ ਨੇ ਤਾਰਾਂ ਸੜ ਜਾਂਦੇ ਨੇ ਟਰਾਂਸਫਾਰਮਰ, ਫੇਲ ਹੋ ਜਾਂਦੀਆਂ ਨੇ ਗਰਿਡਾਂ । ਲੋਹੜੇ ਦੀਆਂ ਗਰਮੀਆਂ ਦੌਰਾਨ ਊਰਜਾ ਦੀ ਲੋੜ ਘਰੇਲੂ ਖਪਤ ਵਜੋਂ ਖੇਤੀ ਬਾੜੀ ਵਿੱਚ ਖਪਤ ਵਜੋਂ ਤੇ ਉਦਯੋਗਾਂ ਵਿੱਚ ਖਪਤ ਵਜੋਂ ਵੀ ਜਾਂਦੀ ਹੈ ਵਧ ਬੇਹਿਸਾਬੀ । ਲੱਗਦੇ ਨੇ ਕੱਟ ! ਮੁਸ਼ਕਲ ਹੋ ਜਾਂਦੀ ਹੈ ਗਰੀਬਾਂ ਨੂੰ ਤੇ ਪੇਂਡੂਆਂ ਨੂੰ । ਬਲਦਾ ਹੈ ਡੀਜਲ ਹੋਰ ਜਿਆਦਾ ਜਨਰੇਟਰਾਂ ਤੇ ਇੰਜਣਾਂ ਵਿੱਚ । ਹਰਿਤ ਘਰ ਗੈਸਾਂ ਦਾ ਵੱਧ ਜਾਂਦਾ ਹੈ ਉਤਸਰਜਨ ਇਨ੍ਹਾਂ ਦੇ ਧੂੰਏਂ ਦੇ ਕਾਰਨ ! ਬੱਸ ਜਲਵਾਯੂ ਬਦਲਾਅ , ਆਲਮੀ ਤਪਸ਼ ਤੇ ਪਥਰਾਟੀ ਬਾਲਣਾ ਦਾ ਤੇਜ ਹੋ ਜਾਂਦਾ ਹੈ ਚੱਕਰ । ਪਥਰਾਹਟੀ ਬਾਲਣ- ਹਰਿਤ ਘਰ ਗੈਸਾਂ – ਆਲਮੀ ਤਪਸ਼ – ਵੱਧ ਊਰਜਾ ਲੋੜਾਂ – ਪਥਰਾਹਟੀ ਬਾਲਣ !

**ਮਰਦ ਸੂਤਰਧਾਰ:** ਹੋਵੇਗੀ ਕਹਾਣੀ ਭਾਰਤ ਦੀਆਂ ਊਰਜਾ ਵਿਵਸਥਾਵਾਂ ਦੀ, ਟਿਕਾਊ ਵਿਕਾਸ ਦੇ ਟੀਚਿਆਂ ਦੀ, ਭਾਰਤ ਦੀ ਇਨ੍ਹਾਂ ਟੀਚਿਆਂ ਦੀ ਪੂਰਤੀ ਵਿੱਚ ਭੂਮਿਕਾ ਦੀ , ਆਉਣ ਵਾਲੇ ਖਤਰਿਆਂ ਵਾਲੀ ਸਥਿਤੀ ਨਾਲ ਸਿੱਝਣ ਦੇ ਤੌਰ ਤਰੀਕਿਆਂ ਦੀ , ਇਸ ਵਾਸਤੇ ਤਿਆਰੀ ਦੀ ਅਤੇ ਸਾਡੀ ਸਮਰੱਥਾ ਦੀ ।

**ਔਰਤ ਸੂਤਰਧਾਰ:** ਗੱਲ ਹਵੇਗੀ ਉਨ੍ਹਾਂ ਕਦਮਾਂ ਦੀ ਜਿਹੜੇ ਚੁੱਕੇ ਜਾ ਸਕਦੇ ਨੇ ਇਸ ਦਿਸ਼ਾ ਵਿੱਚ !

**ਮਰਦ ਸੂਤਰਧਾਰ:** ਜਲਵਾਯੂ ਬਦਲਾਅ ਨੂੰ ਰੋਕਣ ਵਾਸਤੇ ਵਣਾਂ ਦੀ ਭੂਮਿਕਾ ਵਾਰੇ ਹੋਵੇਗੀ ਚਰਚਾ !

**ਔਰਤ ਸੂਤਰਧਾਰ:** ਦਸਾਂਗੇ ਤਰੀਕੇ ਜਿਨ੍ਹਾਂ ਰਾਹੀਂ ਜਲਵਾਯੂ ਬਦਲਾਅ ਅਨੁਸਾਰ ਅਸੀਂ ਢਾਲ ਸਕੀਏ ਆਪਣੇ ਜੰਗਲਾਤ ਟੀਚਿਆਂ, ਨੀਤੀਆਂ ਤੇ ਅਮਲਾਂ ਨੂੰ !

**ਮਰਦ ਸੂਤਰਧਾਰ:** ਕਹਾਣੀ ਹੋਵੇਗੀ ਉਨ੍ਹਾਂ ਕਦਮਾਂ ਦੀ ਜਿਹੜੇ ਚੁੱਕੇ ਜਾਣਗੇ ਭਾਰ ਵਿੱਚ ਇਸ ਜਲਵਾਯੂ ਬਦਲਾਅ ਦਾ ਮੁਕਾਬਲਾ ਕਰਨ ਦੇ ਵਾਸਤੇ , ਗੱਲ ਹੋਵੇਗੀ ਇਸ ਬਦਲਾਅ ਦੇ ਗਰੀਬਾਂ ਅਤੇ ਸਾਧਨਹੀਣ ਜਨ ਸਮੂਹਾਂ ਉਪਰ ਪੈਣ ਵਾਲੇ ਪ੍ਰਭਾਵਾਂ ਦੀ ।

**ਔਰਤ ਸੂਤਰਧਾਰ:** ਹਾਂ ਜੀ ਸੁਣੋਗੇ ਕਹਾਣੀ ਤੁਸੀਂ ਉਨ੍ਹਾਂ ਯਤਨਾਂ ਦੀ ਜਿਹੜੇ ਕੀਤੇ ਜਾਣੇ ਹਨ ਜਨ ਸਮੂਹਾਂ ਤੋਂ ਇਨ੍ਹਾਂ ਬਦਲਦੀਆਂ ਫਿਜਾਵਾਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣ ਦੇ  ਲਈ ।

**ਮਰਦ ਸੂਤਰਧਾਰ:** ਇਹ ਵੀ ਹੋਵੇਗਾ ਵਿਸਤਾਰ ਕਿ ਹੁਣ ਤੱਕ ਕੀ ਕੀਤਾ ਹੈ ਭਾਰਤ ਨੇ ਜਲਵਾਯੂ ਦੇ ਇਸ ਬਦਲਾਅ ਨੂੰ ਠੱਲ੍ਹ ਪਾਉਣ ਦੇ ਵਾਸਤੇ  ! ਆਪਣੇ ਆਪ ਨੂੰ ਇਸ ਬਦਲਾਅ ਅਨੁਸਾਰ ਢਾਲਣ ਦੇ ਵਾਸਤੇ !

**ਔਰਤ ਸੂਤਰਧਾਰ:** ਬੱਸ ਸੁਣਦੇ ਜਾਣਾ ਹਰ ਐਤਵਾਰ ਸਾਡੀਆਂ ਇਨ੍ਹਾਂ ਕਹਾਣੀਆਂ ਨੂੰ , ਹੋ ਜਾਵੇਗਾ ਕਾਫੀ ਗਿਆਨ ਤੁਹਾਨੂੰ ਜਲਵਾਯੂ ਬਦਲਾਅ ਦੇ ਬਾਬਤ ਅਤੇ ਕੰਮ ਆਵੇਗਾ ਇਹ ਗਿਆਨ ਤੇ ਇਸਦੇ ਪਿੱਛੇ ਦੀ ਵਿਗਿਆਨ ਤੁਹਾਡੇ ਪੜ੍ਹਾਈ ਦੇ ਪਾਠ ਕ੍ਰਮ ਵਿੱਚ , ਤੁਹਾਡੇ ਆਮ ਗਿਆਨ ਵਿੱਚ , ਤੁਹਾਡੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫਲ ਹੋਣ ਦੇ ਲਈ , ਤੁਹਾਡੇ ਵੱਲੋਂ ਇਸ ਬਦਲਾਅ ਨੂੰ ਰੋਕਣ ਵਾਸਤੇ ਪਾਏ ਜਾ ਸਕਣ ਵਾਲੇ ਯੋਗਦਾਨ ਦੇ ਲਈ ਵੀ !

**ਮਰਦ ਸੂਤਰਧਾਰ:** ਮਿਲਾਂਗੇ ਅਗਲੇ ਹਫਤੇ ਫਿਰ , ਇਸੇ ਦਿਨ ਇਸੇ ਵਕਤ ! ਤਦ ਤੱਕ ਨਮਸਕਾਰ !

ਪ੍ਰਸ਼ਨ:

ਪ੍ਰਸ਼ਨ-1 ਊਰਜਾ ਦੀ  ਖਪਤ ਕਿਵੇਂ ਪ੍ਰਭਾਵਤ ਕਰਦੀ ਹੈ ਸਾਡੇ ਜਲਵਾਯੂ ਨੂੰ ?

ਉੱਤਰ: ਊਰਜਾ ਨੂੰ ਪੈਦਾ ਕਰਨ ਵਾਸਤੇ ਬਾਲੇ ਜਾਂਦੇ ਪਥਰਾਹਟੀ ਬਾਲਣਾਂ ਵਲੋਂ ਹਰਿਤ ਘਰ ਗੈਸਾਂ ਦਾ ਉਤਸਰਜਨ ਹੋਣ ਕਰਕੇ

ਪ੍ਰਸ਼ਨ 2 ਜਲਵਾਯੂ ਬਦਲਾਅ ਬਾਬਤ ਰੇਡੀਓ ਲੜੀਵਾਰ ਦਦਿ ਵਿਦਿਆਰਥੀਆਂ ਨੂੰ ਕੀ ਲੋੜ?

ਉੱਤਰ : ਇਸ ਲੜੀਵਾਰ ਵਿਚੋਂ ਵਿਦਿਆਰਥੀਆਂ ਦੇ ਪਾਠਕ੍ਰਮ ਦੇ ਕਈ ਪ੍ਰਸ਼ਨਾਂ ਦਾ ਜਵਾਬ ਨਾਟਕੀ ਢੰਗ ਨਾਲ ਮਿਲ ਜਾਵੇਗਾ ਤੇ ਯਾਦ ਰਹੇਗਾ ।